通訊事務管理局
COMMUNICATIONS AUTHORITY

# ਛੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਦੀ ਨਵੀਆਂ ਪ੍ਰਸਾਰਣ ਫ੍ਰੀਕੁਐਂਸੀਆਂ 'ਤੇ ਬਦਲੀ

## ਨਿਵਾਸੀਆਂ ਲਈ ਨੋਟ ਕਰਨ ਯੋਗ ਗੱਲਾਂ



## "ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਮੁੜ-ਸਕੈਨ" ਕਿਵੇਂ ਕਰਨਾ ਹੈ?

ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਮੁੜ-ਸਕੈਨ ਕਰਨ ਦੀਆਂ ਪ੍ਰਕਿਰਿਆਵਾਂ ਲਈ ਕਿਰਪਾ ਕਰਕੇ ਟੀਵੀ ਸੈਟਾਂ / DTT ਰਿਸੀਵਰਾਂ ਦੇ ਵਰਤੋਂਕਾਰ ਮੈਨੂਅਲ ਦੇਖੋ ਜਾਂ ਉਪਕਰਣ ਸਪਲਾਇਰ ਨਾਲ ਸਿੱਧਾ ਸਲਾਹ-ਮਸ਼ਵਰਾ ਕਰੋ। ਟੀਵੀ ਸੈਟਾਂ / DTT ਰਿਸੀਵਰਾਂ ਦੇ ਪ੍ਰਮੁੱਖ ਬ੍ਰਾਂਡਾਂ 'ਤੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਮੁੜ-ਸਕੈਨ ਕਰਨ ਬਾਰੇ ਕਦਮ-ਦਰ-ਕਦਮ ਨਿਰਦੇਸ਼ਾਂ ਜਾਂ ਵੀਡੀਓ ਕਲਿੱਪਾਂ ਲਈ ਤੁਸੀਂ ਆਫਿਸ ਆਫ ਕਮਿਉਨੀਕੇਸ਼ਨ ਅਥਾਰਿਟੀ (OFCA) ਦੀ ਵੈੱਬਸਾਈਟ 'ਤੇ ਸਥਾਪਤ ਥੀਮੈਟਿਕ ਵੈੱਬਪੰਨੇ 'ਤੇ ਜਾ ਸਕਦੇ ਹੋ।

ਨਵੀਆਂ ਪ੍ਰਸਾਰਣ ਫ੍ਰੀਕੁਐਂਸੀਆਂ ਵਿੱਚ ਬਦਲੀ ਵਿੱਚ ਸਿਰਫ ਉਪਰੋਕਤ ਛੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲ ਸ਼ਾਮਲ ਹੋਣਗੇ, ਅਤੇ ਇਹ ਹੋਰ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ: J2 82, TVB News 83, Pearl 84 ਅਤੇ TVB Finance & Information 85, ਅਤੇ ਨਾਲ ਹੀ Hong Kong International Business Channel 76 ਅਤੇ Hong Kong Open TV 77 (ਜੇ ਵਰਤਮਾਨ ਵਿੱਚ ਪਹਿਲਾਂ ਹੀ ਪ੍ਰਾਪਤੀਯੋਗ ਹਨ)।

## ਵੇਰਵਿਆਂ ਲਈ, ਕਿਰਪਾ ਕਰਕੇ OFCA ਨਾਲ ਸੰਪਰਕ ਕਰੋ


ਪੁੱਛ-ਗਿਛ ਹੌਟਲਾਈਨ

***2961 6333***

ਥੀਮੈਟਿਕ ਵੈੱਬਪੰਨਾ

***www.ofca.gov.hk/channel_migration***

**1 ਦਸੰਬਰ 2021, 00:00** ਤੋਂ, ਹੇਠਾਂ ਦਿੱਤੇ ਛੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲ ਨਵੀਆਂ ਪ੍ਰਸਾਰਣ ਫ੍ਰੀਕੁਐਂਸੀਆਂ ਵਿੱਚ ਬਦਲੀ ਕਰ ਲੈਣਗੇ। ਛੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲ **ਇਸ ਸਾਲ 1 ਅਪ੍ਰੈਲ ਤੋਂ 30 ਨਵੰਬਰ ਤਕ** ਮੌਜੂਦਾ ਅਤੇ ਨਵੀਆਂ ਪ੍ਰਸਾਰਣ ਫ੍ਰੀਕੁਐਂਸੀਆਂ ਦੋਵਾਂ 'ਤੇ ਇਕੱਠੇ ਪ੍ਰਸਾਰਿਤ ਕੀਤੇ ਜਾਣਗੇ (**ਡਿਜੀਟਲ ਸਾਇਮਲਕਾਸਟ**)।

| ਡਿਜੀਟਲ ਟੀਵੀ ਪ੍ਰੋਗਰਾਮ ਚੈਨਲ | ਚੈਨਲ ਨੰਬਰ (ਕੋਈ ਤਬਦੀਲੀ ਨਹੀਂ) | ਨਵੀਆਂ ਪ੍ਰਸਾਰਣ ਫ੍ਰੀਕੁਐਂਸੀਆਂ |
|---|---|---|
| RTHK TV 31 | 31 | UHF ਚੈਨਲ 27 (518 – 526 MHz) |
| RTHK TV 32 | 32 | |
| RTHK TV 33 | 33 | |
| Jade | 81 | UHF ਚੈਨਲ 37 (598 – 606 MHz) |
| ViuTVsix | 96 | |
| ViuTV | 99 | |

## ਇਹਨਾਂ ਛੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਪ੍ਰਾਪਤ ਕਰਨਾ ਕਿਵੇਂ ਜਾਰੀ ਰੱਖਣਾ ਹੈ?



### ਪਬਲਿਕ ਹਾਉਸਿੰਗ ਅਸਟੇਟ

- ਹਾਉਸਿੰਗ ਅਥਾਰਿਟੀ ਜਾਂ ਹਾਉਸਿੰਗ ਸੋਸਾਇਟੀ ਆਮ ਐਂਟੀਨਾ ਪ੍ਰਸਾਰਣ ਵੰਡ (CABD) ਪ੍ਰਣਾਲੀਆਂ ਨੂੰ ਮੁੜ-ਕੌਨਫਿਗਰ ਕਰਨ ਦਾ ਪ੍ਰਬੰਧ ਕਰੇਗੀ।
- ਵਸਨੀਕਾਂ ਨੂੰ ਇਸ ਬਾਰੇ ਬਿਲਡਿੰਗ ਪ੍ਰਬੰਧਨ ਸੂਚਨਾਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਕੀ ਉਹਨਾਂ ਨੂੰ ਆਪਣੇ ਟੀਵੀ ਸੈਟਾਂ ਜਾਂ ਡਿਜੀਟਲ ਟੈਰੇਸਟ੍ਰਿਅਲ ਟੈਲੀਵਿਜ਼ਨ (DTT) ਰਿਸੀਵਰਾਂ 'ਤੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਮੁੜ-ਸਕੈਨ ਕਰਨ ਦੀ ਲੋੜ ਹੈ ਅਤੇ ਇਹ ਕਦੋਂ ਕਰਨਾ ਹੈ।



**CABD ਪ੍ਰਣਾਲੀ**

**ਮੌਜੂਦਾ ਡਿਜੀਟਲ ਟੀਵੀ ਸੈਟਾਂ ਜਾਂ ਸੈੱਟ-ਟਾਪ ਬਾਕਸਾਂ ਨੂੰ ਬਦਲਣ ਦੀ ਲੋੜ ਨਹੀਂ ਹੈ**



### ਨਿਜੀ ਰਿਹਾਇਸ਼ੀ ਅਸਟੇਟਾਂ / ਇਮਾਰਤਾਂ / ਵੱਖ-ਵੱਖ ਸਬਸਿਡੀ ਵਾਲੀ ਘਰੇਲੂ ਮਾਲਕੀਅਤ ਸਕੀਮਾਂ ਦੇ ਰਿਹਾਇਸ਼ੀ ਵਿਹੜੇ

- ਵਸਨੀਕ ਆਮ ਤੌਰ 'ਤੇ ਆਪਣੀਆਂ ਇਮਾਰਤਾਂ ਦੀਆਂ CABD ਪ੍ਰਣਾਲੀਆਂ ਦੀ ਵਰਤੋਂ ਕਰਦੇ ਹੋਏ ਟੀਵੀ ਸਿਗਨਲ ਪ੍ਰਾਪਤ ਕਰਦੇ ਹਨ। CABD ਪ੍ਰਣਾਲੀਆਂ ਦੀਆਂ ਜ਼ਿੰਮੇਵਾਰ ਧਿਰਾਂ ਨੂੰ ਡਿਜੀਟਲ ਸਾਇਮਲਕਾਸਟ ਮਿਆਦ ਦੇ ਅੰਦਰ ਪ੍ਰਣਾਲੀਆਂ ਨੂੰ ਮੁੜ-ਕੌਨਫਿਗਰ ਕਰਨ ਲਈ ਠੇਕੇਦਾਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।
- ਵਸਨੀਕਾਂ ਨੂੰ ਇਸ ਬਾਰੇ ਬਿਲਡਿੰਗ ਪ੍ਰਬੰਧਨ ਸੂਚਨਾਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਕੀ ਉਹਨਾਂ ਨੂੰ ਆਪਣੇ ਟੀਵੀ ਸੈਟਾਂ ਜਾਂ DTT ਰਿਸੀਵਰਾਂ 'ਤੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਮੁੜ-ਸਕੈਨ ਕਰਨ ਦੀ ਲੋੜ ਹੈ ਅਤੇ ਇਹ ਕਦੋਂ ਕਰਨਾ ਹੈ।



### ਪਿੰਡ ਦੇ ਘਰ / ਬੰਗਲੇ / ਪੁਰਾਣੀਆਂ ਕਿਰਾਏਦਾਰੀ ਇਮਾਰਤਾਂ ਜਾਂ CABD ਪ੍ਰਣਾਲੀਆਂ ਦੇ ਬਿਨਾਂ ਥ੍ਰੀ-ਨਿਲ ਇਮਾਰਤਾਂ

- ਵਸਨੀਕ ਆਮ ਤੌਰ 'ਤੇ **ਸਵੈ-ਪ੍ਰਦਾਨ ਕੀਤੇ ਐਂਟੀਨੇ (ਆਮ ਤੌਰ' 'ਤੇ "ਫਿਸ਼ਬੋਨ ਐਂਟੀਨਾ" ਵਜੋਂ ਜਾਣੇ ਜਾਂਦੇ ਹਨ)** ਦੀ ਵਰਤੋਂ ਕਰਦੇ ਹੋਏ ਟੀਵੀ ਸਿਗਨਲ ਪ੍ਰਾਪਤ ਕਰਦੇ ਹਨ।
- ਜੇ **1 ਦਸੰਬਰ 2021, 00:00** ਤੋਂ ਬਾਅਦ ਵਸਨੀਕ ਉਪਰੋਕਤ ਕਿਸੇ ਵੀ ਡਿਜੀਟਲ ਟੀਵੀ ਪ੍ਰੋਗਰਾਮ ਚੈਨਲ ਨੂੰ ਪ੍ਰਾਪਤ ਨਹੀਂ ਕਰ ਸਕਦੇ ਹਨ, ਤਾਂ ਕਿਰਪਾ ਕਰਕੇ ਆਪਣੇ ਟੀਵੀ ਸੈਟਾਂ ਜਾਂ DTT ਰਿਸੀਵਰਾਂ 'ਤੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਮੁੜ-ਸਕੈਨ ਕਰੋ।




**ਸਵੈ-ਮੁਹੱਈਆ ਕੀਤਾ ਐਂਟੀਨਾ**

**ਮੌਜੂਦਾ ਐਂਟੀਨਾ, ਡਿਜੀਟਲ ਟੀਵੀ ਸੈਟਾਂ ਜਾਂ ਸੈੱਟ-ਟਾਪ ਬਾਕਸਾਂ ਨੂੰ ਬਦਲਣ ਦੀ ਲੋੜ ਨਹੀਂ ਹੈ**

### "ਥ੍ਰੀ-ਨਿਲ ਇਮਾਰਤਾਂ" ਦੇ ਨਿਵਾਸੀਆਂ ਲਈ ਨੋਟ ਕਰਨ ਲਈ ਨੁਕਤੇ

"ਥ੍ਰੀ-ਨਿਲ ਇਮਾਰਤਾਂ" ਦਾ ਭਾਵ ਉਹਨਾਂ ਇਮਾਰਤਾਂ ਤੋਂ ਹੈ ਜਿਨ੍ਹਾਂ ਵਿੱਚ, ਇਨਕਾਰੋਪੋਰੇਟ ਮਾਲਕ, ਨਿਵਾਸੀਆਂ ਦੇ ਸੰਗਠਨ ਅਤੇ ਬਿਲਡਿੰਗ ਮੈਨੇਜਮੈਂਟ ਆਫਿਸ ਨਹੀਂ ਹਨ। ਉਹਨਾਂ ਥ੍ਰੀ-ਨਿਲ ਇਮਾਰਤਾਂ ਜਾਂ ਪੁਰਾਣੀ ਕਿਰਾਏਦਾਰੀ ਇਮਾਰਤਾਂ ਲਈ ਜਿਨ੍ਹਾਂ ਵਿੱਚ **CABD ਪ੍ਰਣਾਲੀਆਂ** ਲੱਗੀਆਂ ਹੋਈਆਂ ਹਨ, ਵਸਨੀਕਾਂ ਨੂੰ ਡਿਜੀਟਲ ਸਾਇਮਲਕਾਸਟ ਮਿਆਦ ਦੇ ਅੰਦਰ ਪ੍ਰਣਾਲੀਆਂ ਨੂੰ ਮੁੜ-ਕੌਨਫਿਗਰ ਕਰਨ ਲਈ ਠੇਕੇਦਾਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਅਤੇ ਠੇਕੇਦਾਰਾਂ ਤੋਂ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਕੀ ਉਹਨਾਂ ਨੂੰ ਆਪਣੇ ਟੀਵੀ ਸੈਟਾਂ ਜਾਂ DTT ਰਿਸੀਵਰਾਂ 'ਤੇ ਡਿਜੀਟਲ ਟੀਵੀ ਪ੍ਰੋਗਰਾਮ ਚੈਨਲਾਂ ਨੂੰ ਮੁੜ-ਸਕੈਨ ਕਰਨ ਦੀ ਲੋੜ ਹੈ ਅਤੇ ਇਹ ਕਦੋਂ ਕਰਨਾ ਹੈ।